# ਸ਼੍ਰੇਣੀ ਛੇਵੀਂ

## ਕਹਾਣੀ — ਦਰਜ਼ੀ ਅਤੇ ਹਾਥੀ

ਇੱਕ ਰਜੇ ਕੋਲ਼ ਇੱਕ ਹਾਥੀ ਸੀ। ਉਸ ਦਾ ਮਹਾਵਤ ਉਸ ਨੂੰ ਰੋਜ਼ ਨਦੀ ਤੇ ਨਹਾਉਣ ਲਈ ਲੈ ਕੇ ਜਾਂਦਾ ਸੀ। ਰਸਤੇ ਵਿੱਚ ਬਜ਼ਾਰ ਵਿੱਚ ਇੱਕ ਦਰਜ਼ੀ ਦੀ ਦੁਕਾਨ ਸੀ। ਹਾਥੀ ਹਰ ਰੋਜ਼ ਦਰਜ਼ੀ ਦੀ ਦੁਕਾਨ ਕੋਲ਼ ਰੁਕ ਜਾਂਦਾ ਸੀ। ਦਰਜ਼ੀ ਉਸ ਨੂੰ ਹਰ ਰੋਜ਼ ਕੋਈ ਨਾ ਕੋਈ ਚੀਜ਼ ਖਾਣ ਨੂੰ ਦਿੰਦਾ। ਇਸ ਤਰ੍ਹਾਂ ਹਾਥੀ ਅਤੇ ਦਰਜ਼ੀ ਦੋਵੇਂ ਮਿੱਤਰ ਬਣ ਗਏ।

ਇੱਕ ਦਿਨ ਦਰਜ਼ੀ ਘਰੋਂ ਲੜ ਕੇ ਆਇਆ ਸੀ। ਉਹ ਗੁੱਸੇ ਨਾਲ਼ ਭਰਿਆ ਬੈਠਾ ਸੀ ਕਿ ਉਧਰੋਂ ਹਾਥੀ ਆ ਗਿਆ। ਉਸ ਨੇ ਆਪਣੀ ਸੁੰਡ ਦੁਕਾਨ ਦੇ ਅੰਦਰ ਕੀਤੀ। ਦਰਜ਼ੀ ਨੇ ਉਸ ਨੂੰ ਕੁੱਝ ਵੀ ਖਾਣ ਨੂੰ ਨਾ ਦਿੱਤਾ, ਸਗੋਂ ਉਸ ਦੀ ਸੁੰਡ ਵਿੱਚ ਸੂਈ ਚੋਭ ਦਿੱਤੀ।

ਹਾਥੀ ਨੂੰ ਦਰਜ਼ੀ ਦੀ ਇਸ ਹਰਕਤ ਤੇ ਬਹੁਤ ਗੁੱਸਾ ਆਇਆ। ਉਹ ਚੁੱਪ ਚਾਪ ਨਦੀ ਵੱਲ ਚੱਲ ਪਿਆ। ਵਾਪਸੀ ਤੇ ਉਸ ਨੇ ਬਹੁਤ ਸਾਰਾ ਚਿੱਕੜ ਆਪਣੀ ਸੁੰਡ ਵਿੱਚ ਭਰ ਲਿਆ ਤੇ ਆ ਕੇ ਦਰਜ਼ੀ ਦੀ ਦੁਕਾਨ ਵਿੱਚ ਸੁੱਟ ਦਿੱਤਾ। ਦਰਜ਼ੀ ਦੇ ਸਾਰੇ ਕੱਪੜੇ ਖ਼ਰਾਬ ਹੋ ਗਏ ਅਤੇ ਉਹ ਡਰਦਾ ਦੁਕਾਨ ਛੱਡ ਕੇ ਦੌੜ ਗਿਆ। ਇਸ ਤਰ੍ਹਾਂ ਹਾਥੀ ਨੇ ਆਪਣਾ ਬਦਲਾ ਲੈ ਲਿਆ। ਦਰਜ਼ੀ ਨੂੰ ਆਪਣੇ ਕੀਤੇ ਤੇ ਬਹੁਤ ਪਛਤਾਵਾ ਹੋਇਆ।

ਸਿੱਖਿਆ : ਜਿਹਾ ਕਰੋਗੇ ਤਿਹਾ ਭਰੋਗੇ।

## ਸਹਿ-ਵਿਦਿਅਕ ਕਿਰਿਆ

'ਜਿਹਾ ਕਰੋਗੇ ਤਿਹਾ ਭਰੋਗੇ' ਇਸ ਤਰ੍ਹਾਂ ਦੀ ਹੋਰ ਕੋਈ ਸਿੱਖਿਆ ਦੇਣ ਵਾਲ਼ੀ ਕਹਾਣੀ ਜਾਂ ਬਾਤ ਆਪਣੇ ਦਾਦਾ-ਦਾਦੀ ਜੀ ਤੋਂ ਸੁਣ ਕੇ ਆਪਣੀ ਕਾਪੀ ਵਿੱਚ ਲਿਖੋ।



Scanned by CamScanner